# ਗੁਰੂ ਗੋਬਿੰਦ ਸਿੰਘ ਦੇ ਮਿਸ਼ਨ ਬਾਰੇ ਡਾਕਟਰ ਹਰੀ ਰਾਮ ਗੁਪਤਾ ਦੀ ਭੁਲ

ਇਸ ਤੋਂ ਪਹਿਲਾਂ ਕਿ ਲੇਖਕ ਪਹਿਲੇ ਆਰੰਭੇ ਪ੍ਰਸੰਗ ਨੂੰ ਅੱਗੇ ਤੋਰੇ ਡਾ: ਹਰੀ ਰਾਮ ਗੁਪਤਾ ਦੀ ਇਕ ਬਹੁਤ ਭਾਰੀ ਭੁਲ ਬਾਰੇ ਸ਼ੰਕਾ ਦੂਰ ਕਰਨਾ ਆਵਸ਼ਕ ਹੈ। ਡਾ: ਸਾਹਿਬ ਨੇ ਅੰਗਰੇਜ਼ੀ ਵਿਚ ਇਕ ਬਹੁਤ ਸੁੰਦਰ ਕਿਤਾਬ ਲਿਖੀ ਹੈ "History of Sikh Gurus" ਜਿਸ ਕਿਤਾਬ ਲਈ ਸਿਖ ਪੰਥ ਨੇ ਉਨ੍ਹਾਂ ਨੂੰ ਬਹੁਤ ਸਨਮਾਨਿਆ ਹੈ। ਉਹ ਇਸ ਪੁਸਤੱਕ ਦੇ ਪੰਨਾ-178 ਤੇ ਜੋ ਲਿਖਦੇ ਹਨ ਉਸ ਨੂੰ ਲੇਖਕ ਹੂਬਹੂ ਥਲੇ ਪੇਸ਼ ਕਰਦਾ ਹੈ :—

In order to seek divine approval of his mission,
he entered into a blissful communion with Almighty
and received the following reply :
Main apna sut tohe niwaja
Panth prachur Karbe Kaho Saja,
Jaha tahan tai dharam chalāe
kabudh karan te lok hatae

The Guru then prays to Godess Chandi to give him strength of mind to fight valorously to a finish for victory in the cause of right and justice. He says :

Deh Siva Bar mohi ehai
subh Karman te Kabhun na tarun,
Na darun ar so jab jae larun,
Nishche kar apni jit karun.
Aru Sikh hau apne hi man kau.
Eh lalach gun tau uchrun
Jab av ki audh nidhan bane,

At hi ran main tab jujh marun.

(O Siva (wife of Shiv or Shakti) give me the boon that I may not deter from righteous deeds,

Nor may I fear from an enemy, when I go to fight,

And I may guide my mind to aspire after uttering your attributes;

When the end of my life comes, then I may die fighting heroically.)

ਉਪਰੋਕਤ ਤੱਧਾਂ ਵਿਚ ਅਰਥਾਂ ਦੀ ਗਲਤ ਬਿਆਨੀ ਵਾਲਾ ਭਾਗ ਹੈ :—

(O Siva (wife of Shiv or Shakti) give me the boon that I may not deter from righteous deeds)

ਉਲਥਾ :— ਓ ਸਿਵਾ (ਸ਼ਿਵ ਜੀ ਦੀ ਧਰਮ ਪਤਨੀ ਜਾਂ ਸ਼ਕਤੀ) ਮੈਨੂੰ ਵਰ ਦਿਓ ਤਾਂ ਜੋ ਮੈਂ ਕਦੇ ਵੀ ਸ਼ੁਭ ਕਰਮ ਕਰਨ ਤੋਂ ਕਦੇ ਪਿੱਛੇ ਨ ਹਟਾਂ।

ਇਸ ਸੰਬਧ ਵਿਚ ਡਾ: ਹਰੀ ਰਾਮ ਗੁਪਤਾ ਲਿਖਦਾ ਹੈ :

"The Guru then prays to goddess Chandi to give him strength of mind to fight valorously to a finish for victory in the cause of right and justice."

ਉਲਥਾ : ਫਿਰ ਗੁਰੂ ਜੀ ਨੇ ਚੰਡੀ ਦੇਵੀ ਅਗੇ ਪ੍ਰਾਥਨਾ ਕੀਤੀ ਕਿ ਕਿਰਪਾ ਕਰਕੇ ਉਹ ਉਨ੍ਹਾਂ ਨੂੰ ਸ਼ਕਤੀ ਦੇਵੇ ਕਿ ਉਹ ਸੱਚ ਤੇ ਇਨਸਾਫ ਲਈ ਲੜਾਈ ਬਹਾਦਰੀ ਨਾਲ ਲੜਨ ਅਤੇ ਜਿੱਤਣ"

ਡਾ: ਹਰੀ ਰਾਮ ਗੁਪਤਾ ਦਾ ਇਹ ਲਿਖਣਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਚੰਡੀ ਦੇਵੀ ਕੋਲੋਂ ਸੁਭ ਕਰਮ ਕਰਨ ਦੀ ਸਮਰਥਾ ਬਾਰੇ ਵਰ ਮੰਗਣ ਲਈ ਅਰਦਾਸ ਕੀਤੀ 'ਸਿਵਾ' ਸ਼ਬਦ ਦੇ ਅਰਥ ਤੇ ਆਧਾਰਿਤ ਹੈ। ਉਨ੍ਹਾਂ ਨੇ ਸ਼ਿਵਾ ਦੇ ਅਰਥ ਲਏ ਹਨ ਸ਼ਿਵਜੀ ਦੀ ਵਹੁਟੀ ਜਾਂ ਸ਼ਕਤੀ। ਪ੍ਰੰਤੂ ਸ਼ਿਵਾ ਦੇ ਇਹ ਅਰਥ ਠੀਕ ਨਹੀਂ। 'ਸ਼ਿਵਾ' ਬਹੁਅਰਥਕ ਸ਼ਬਦ ਹੈ। ਸ਼ਿਵਾ ਦੇ ਅਰਥ ਪਾਰਬ੍ਰਹਮ ਦੀ ਸ਼ਕਤੀ ਵੀ ਹਨ। ਦੇਖੋ ਮਹਾਨ ਕੋਸ਼, ਕਾਹਨ ਸਿੰਘ ਨਾਭਾ, ਭਾਸ਼ਾ ਵਿਭਾਗ ਪੰਨਾਂ 201। ਸ਼ਿਵਾ ਦੇ ਅਰਥ "ਪਾਰਬ੍ਰਹਮ ਕਰਤਾਰ" ਵੀ ਹਨ। ਦੇਖੋ ਉਹੀ ਪੰਨਾਂ (201) ਮਹਾਨ ਕੋਸ਼। ਇਸ ਅਰਥ ਦੀ ਉਦਾਹਰਣ ਦਿਤੀ ਹੈ :

ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ

ਗੁਰੂ ਗ੍ਰੰਥ ਸਾਹਿਬ ਪੰਨਾਂ 21

ਇਸ ਗੁਰਬਾਣੀ ਦੀ ਤੁਕ ਦੇ ਅਰਥ ਦਿਤੇ ਹਨ "ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼ਬਦਾਰਥ ਗੁਰਬਾਣੀ ਟਰਸਟ, ਲਾਹੌਰ, 1944 ਦੇ ਪੰਨਾਂ 21 ਦੇ ਫੁਟ ਨੋਟ ਵਿਚ।" ਜਿਥੇ ਦੇਖਦਾ ਹਾਂ ਉਹਥੇ ਚੇਤਨ ਤੇ ਪ੍ਰਕਿਰਤੀ ਦਾ ਮੇਲ ਹੈ, ਅਤੇ ਉਸ ਮੇਲ ਤੋਂ ਰਚੀ ਸ੍ਰਿਸ਼ਟੀ ਵਿਚ ਵਾਹਿਗੁਰੂ ਜੀ ਵਿਆਪਕ ਹਨ।

ਸਿਵਾ ਦੇ ਅਰਥ "ਸ਼ਿਵ ਦੀ ਇਸਤਰੀ ਦੁਰਗਾ ਪਾਰਵਤੀ" ਵੀ ਹਨ। ਦੇਖੋ ਪੰਨ 201 ਮਹਾਨ ਕੋਸ਼। ਇਹ ਅਰਥ ਲੈ ਕੇ ਡਾ: ਗੁਪਤਾ ਨੇ ਉਪਰੋਕਤ ਵੀਚਾਰ ਗੁਰੂ ਗੋਬਿੰਦ ਸਿੰਘ ਬਾਰੇ ਲਿਖ ਦਿਤੇ ਕਿ ਉਨਾਂ ਨੇ ਚੰਡੀ ਦੇਵੀ ਅਗੇ ਸ਼ਕਤੀ ਪ੍ਰਾਪਤ ਕਰਨ ਲਈ ਅਰਦਾਸ ਕੀਤੀ। ਇਸ ਤਰਾਂ ਦੇ ਅਰਥ ਗਲਤ ਹੀ ਨਹੀਂ ਗੁਰੂ ਗੋਬਿੰਦ ਸਿੰਘ ਦੀ ਸ਼ਾਨ ਦੇ ਖਿਲਾਫ ਹਨ। ਕਿਉਂ ?

1) ਗੁਰੂ ਗੋਬਿੰਦ ਸਿੰਘ ਨੇ ਬਚਿਤ੍ਰ ਨਾਟਕ ਵਿਚ ਸਪਸ਼ਟ ਸ਼ਬਦਾਂ ਵਿਚ ਲਿਖਿਆ

ਹੈ ਕਿ ਨਿਰੰਕਾਰ ਸੱਚੇ ਪਾਤਸ਼ਾਹ ਨੇ ਉਨਾਂ ਨੂੰ ਆਪਣੀਆਂ ਬਖਸ਼ੱਸ਼ਾਂ ਦੇ ਕੇ ਇਸ ਸੰਸਾਰ ਵਿਚ ਧਰਮ ਚਲਾਵਣ ਲਈ ਭੇਜਿਆ ।

2) ਫਿਰ ਗੁਰੂ ਗੋਬਿੰਦ ਸਿੰਘ ਜੀ ਕਹਿ ਰਹੇ ਹਨ ਕਿ ਉਨ੍ਹਾਂਨੂੰ ਉਨਾਂ ਦੇ ਗੁਰਦੇਵ ਨੇ ਇਸ ਜਗਤ ਵਿਚ ਧਰਮ ਹੇਤ ਭਾਵ ਧਰਮ ਲਈ ਭੇਜਿਆ (ਪਠਾਏ)

'ਹਮ ਇਹ ਕਾਜ ਜਗਤ ਮੋ ਆਏ । ਧਰਮ ਹੇਤ ਗੁਰਦੇਵ ਪਠਾਏ ॥

ਇਹਥੇ ਇਹ ਪ੍ਰਸ਼ਨ ਉਠਾਇਆ ਜਾ ਸਕਦਾ ਹੈ ਕਿ ਉਨਾਂ ਦੇ ਗੁਰੂ ਕੌਣ ਸਨ ? ਗੁਰੂ ਗੋਬਿੰਦ ਸਿੰਘ ਦੇ ਗੁਰਦੇਵ ਬਾਰੇ ਭੋਰਾ ਜਿਨਾਂ ਵੀ ਸ਼ੰਕਾ ਨਹੀਂ ਉਠਾਇਆ ਜਾ ਸਕਦਾ । ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਆਪਣੇ ਗੁਰੂ ਬਾਰੇ ਦਸਦੇ ਹਨ :

ਆਦਿ ਅੰਤਿ ਏਕੈ ਅਵਤਾਰਾ । ਸੋਈ ਗੁਰੂ ਸਮਝਿਯਹੁ ਹਮਾਰਾ ॥

ਪਾ 10 "ਕਬਿਯੋ ਬਾਚ ਬੇਨਤੀ ॥ ਚੋਪਾਈ"॥

3) ਫਿਰ ਗੁਰੂ ਗੋਬਿੰਦ ਸਿੰਘ ਜੀ ਬੜੀ ਦ੍ਰਿੜਤਾ ਨਾਲ ਕਹਿ ਰਹੇ ਹਨ ਕਿ ਜੋ ਕੋਈ ਵੀ ਵਰ ਉਨਾਂ ਨੇ ਮੰਗਣਾ ਹੈ ਉਨਾਂ ਆਪਣੇ ਗੁਰੂ ਕੋਲੋਂ ਹੀ ਮੰਗਣਾ ਹੈ । ਹੋਰ ਕਿਸੇ ਕੋਲੋਂ ਕਿਸੇਹਾਲਤ ਵਿਚ ਵੀ ਕੋਈ ਵਰ ਨਹੀਂ ਮੰਗਣਾ :

ਤੁਮਹਿ ਛਾਡਿ ਕੋਈ ਅਵਰ ਨ ਧਿਆਊਂ । ਜੋ ਬਰ ਚਹੋਂ ਸੁ ਤੁਮਤੇ ਪਾਊਂ ॥ਚੋਪਈ॥

ਇਸੇ ਲਈ ਚੌਪਈ ਦੇ ਸ਼ੁਰੂ ਵਿਚ ਹੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਗੁਰੂ "ਆਦਿ ਅੰਤਿ ਏਕੈ ਅਵਤਾਰਾਂ ਕੋਲੋਂ ਵਰ ਮੰਗ ਰਹੇ ਹਨ :

ਹਮਰੀ ਕਰੋ ਹਾਥ ਦੈ ਰੱਛਾ । ਪੂਰਨ ਹੋਇ ਚਿਤ ਕੀ ਇਛਾ ॥
ਤਵ ਚਰਨ ਮਨ ਰਹੈ ਹਮਾਰਾ । ਅਪਨਾ ਜਾਨ ਕਰੋ ਪ੍ਰਤਿਪਾਰਾ ॥

"ਚੋਪਈ"

ਫਿਰ ਕਿਵੇਂ ਕਿਹਾ ਜਾ ਸਕਦਾ ਹੈ ਕਿ ਵਰ ਲੈਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਿਵ ਜੀ ਦੀ ਧਰਮ ਪਤਨੀ ਕੋਲ ਅਰਦਾਸ ਕੀਤੀ । ਕੀ ਗੁਰੂ ਸਾਹਿਬ ਨੂੰ ਉਨਾਂ ਦੇ ਗੁਰੂ ਨੇ ਨਾਂਹ ਕਰ ਦਿਤੀ ਸੀ ? ਜੇ ਇਹ ਵੀ ਦਲੀਲ ਲਈ ਮੰਨ ਲਿਆ ਜਾਵੇ ਕਿ ਗੁਰੂ ਸਾਹਿਬ ਨੂੰ ਵਾਕਿਆ ਹੀ ਉਨ੍ਹਾਂਦੇ ਗੁਰੂ ਕੋਲੋ 'ਨਾਂਹ ਹੋ ਗਈ ਸੀ ਤਾਂ ਸ਼ਿਵ ਜੀ ਦੀ ਇਸਤਰੀ ਕੋਲ ਉਹ ਤਾਂ ਜਾਂਦੇ ਜੇ ਸ਼ਿਵ ਜੀ ਨਾਲ ਉਨਾਂ ਦਾ ਕੋਈ ਪ੍ਰੇਮ ਹੁੰਦਾ । ਸ਼ਿਵ ਜੀ ਨਾਲ ਤਾਂ ਗੁਰੂ ਗੋਬਿੰਦ ਸਿੰਘ ਜੀ ਅੱਖ ਵੀ ਨਹੀਂ ਮਿਲਾਂਦੇ । ਉਹ ਤਾਂ ਆਪਣੇ ਗੁਰੂ ਵੱਲ ਹੀ ਜਾਂਦੇ ਹਨ :--

ਕਾਲ ਪਾਇ ਬ੍ਰਹਮਾ ਬਪੁ ਧਰਾ । ਕਾਲ ਪਾਇ ਸ਼ਿਵ ਜੂ ਅਵਤਰਾ ॥
ਕਾਲ ਪਾਇ ਕਰ ਬਿਸਨੁ ਪ੍ਰਕਾਸਾਂ । ਸਕਲ ਕਾਲ ਕਾ ਕੀਆ ਤਮਾਸਾ ॥

ਅਰਥ : ਭੰਨਣ ਘੜਨ ਸਮਰਥ ਵਾਹਿਗੁਰੂ ਦੀ ਆਗਿਆ ਨਾਲ ਬ੍ਰਹਮਾ ਨੇ ਸਰੀਰ ਧਾਰਿਆਂ, ਸ਼ਿਵ ਜੀ ਨੇ ਅਵਤਾਰ ਧਾਰਿਆ; ਵਿਸ਼ਨੂੰ ਨੇ ਆਪਣਾ ਪ੍ਰਕਾਸ਼ ਕੀਤਾ । ਇਹ ਜਗਤ ਦਾ ਸਾਰਾ ਤਮਾਸਾ ਉਸੇ ਪ੍ਰਮਾਤਮਾ ਦੀ ਹੀ ਰਚਨਾ ਹੈ ।

ਜਵਨ ਕਾਲ ਜੋਗੀ ਸਿਵ ਕੀਓ । ਬੇਦਰਾਜ ਬ੍ਰਹਮਾ ਜੂ ਥੀਓ ॥
ਜਵਨ ਕਾਲ ਸਭ ਲੋਕ ਸਵਾਰਾ । ਨਮਸਕਾਰ ਹੈ ਤਾਹਿ ਹਮਾਰਾ ॥

ਅਰਥ ; ਜਿਸ ਵਾਹਿਗੁਰੂ ਨੇ ਸ਼ਿਵ ਜੀ ਨੂੰ ਜੋਗੀ ਕੀਤਾ, ਜਿਸ ਕਰਤਾਰ ਪਾਸੋਂ ਵੇਦਾਂ ਦਾ ਭੇਤ ਬ੍ਰਹਮਾ ਨੂੰ ਪ੍ਰਾਪਤ ਹੋਇਆ, ਜਿਸ ਸਿਰਜਣਹਾਰ ਨੇ ਸਭ ਸੰਸਾਰ ਸਾਜਿਆ ਸਵਾਰਿਆ ਹੈ, ਉਸ ਵਾਹਿਗੁਰੂ ਨੂੰ ਮੇਰੀ ਨਮਸਕਾਰ ਹੈ।

ਦੇਖੋ ਬ੍ਰਹਮਾ, ਵਿਸ਼ਨੂ, ਸ਼ਿਵ ਦਾ ਜ਼ਿਕਰ ਕਰ ਕੇ ਕਿ ਉਨ੍ਹਾਂ ਨੂੰ ਪਰਮਾਤਮਾ ਨੇ ਪੈਦਾ ਕੀਤਾ, ਗੁਰੂ ਗੋਬਿੰਦ ਸਿੰਘ ਨਮਸਕਾਰ ਕਰਤਾ - ਪੈਦਾ ਕਰਨ ਵਾਲੇ ਨੂੰ ਹੀ ਕਰ ਰਹੇ ਹਨ।

4) ਬ੍ਰਹਮਾ ਜੀ ਨੂੰ ਪੈਦਾ ਕਰਨ ਵਾਲਾ, ਵਿਸ਼ਨੂੰ ਜੀ ਜਗਤ ਪਾਲਕ ਅਤੇ ਸ਼ਿਵ ਜੀ ਨੂੰ ਭਨਣਹਾਰ ਮੰਨਿਆ ਗਿਆ ਹੈ ਹਿੰਦੂ ਧਰਮ ਸ਼ਾਸਤਰਾਂ ਅਨੁਸਾਰ। ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਜੀਵਾਂ ਨੂੰ ਪੈਦਾ ਕਰਨ, ਜੀਵਾਂ ਨੂੰ ਪਾਲਣ ਤੇ ਉਨਾਂ ਦੀ ਰਖਿਆ ਕਰਨ ਅਤੇ ਜੀਵਾਂ ਦੀ ਮੌਤ ਦੇ ਕਾਰਜ ਵਾਹਿਗੁਰੂ ਜੀ ਨੂੰ ਕਰਦਿਆਂ ਮੰਨਦੇ ਹਨ। ਗੁਰੂ ਗੋਬਿੰਦ ਸਿੰਘ ਜੀ ਜਾਪੁ ਸਾਹਿਬ ਵਿਚ ਲਿਖਦੇ ਹਨ :

ਸਰਬੰ ਭਰ ਹੈਂ ॥ ਸਰਬੰ ਕਰ ਹੈਂ ॥
ਸਰਬੰ ਪਾਸਿਯ ਹੈ॥ ਸਰਬੰ ਨਾਸਿਯ ਹੈਂ ॥

ਪਦ-ਅਰਥ : ਭਰ-ਪਾਲਣ ਵਾਲਾ। ਕਰ-ਪੈਦਾ ਕਰਨ ਵਾਲਾ, ਬਣਾਉਣ ਵਾਲਾ। ਪਾਸਯ ਨੇੜੇ ਵਸਣ ਵਾਲਾ, ਬੰਨ੍ਹਣ ਵਾਲਾ। ਨਾਸਿਯ ਨਾਸ ਕਰਨ ਵਾਲਾ।

ਅਰਥ : ਹੇ ਪ੍ਰਮਾਤਮਾ; ਤੂੰ ਸਭ ਨੂੰ ਪਾਲਣ ਹਾਰ ਹੈ। ਤੂੰ ਸਭ ਨੂੰ ਪੈਦਾ ਕਰਨ ਵਾਲਾ ਹੈ, ਤੂੰ ਸਭ ਦੇ ਨੇੜੇ ਵਸਣ ਵਾਲਾ (ਜਾਂ ਸਭ ਨੂੰ ਬੰਨ੍ਹਣ) ਹੈ, ਤੂੰ ਸਭ ਨੂੰ ਨਾਸ ਕਰਨ ਵਾਲਾ ਹੈ।
ਫਿਰ ਗੁਰੂ ਜੀ ਲਿਖਦੇ ਹਨ :

1) ਆਦਿ ਦੇਵ ਅਨਾਦਿ ਮੂਰਤਿ ਥਾਪਿਓ ਸਬੈ ਜਿਹ ਥਾਪਿ॥
2) ਸਰਬ ਬਿਸ੍ਵ ਰਚਿਓ ਸੁਯੰਭਵ ਗੜਨ ਭੰਜਨ ਹਾਰ ॥86॥

ਅਰਥ 1) ਉਹ ਪ੍ਰਮਾਤਮਾ ਸਭ ਤੋਂ ਪਹਿਲੀ (ਮੁਢਲੀ) ਪੂਜਣ ਯੋਗ ਹਸਤੀ ਹੈ, ਜਿਸ ਦੀ ਹੋਂਦ ਦਾ ਮੁੱਢ ਕੋਈ ਨਹੀਂ ਲਭ ਸਕਦਾ ਅਤੇ ਜਿਸ ਨੇ ਸਾਰੀ ਰਚਨਾ ਰਚੀ ਹੈ।

2) ਸਾਰੀ ਸ੍ਰਿਸ਼ਟੀ ਉਸੇ ਵਾਹਿਗੁਰੂ ਨੇ ਰਚੀਹੈ, ਪਰ ਉਹ ਆਪਣੇ ਆਪ ਤੋਂ ਹੀ ਪ੍ਰਗਟ ਹੋਇਆ ਹੈ, ਜਗਤ ਨੂੰ ਘੜਨ (ਰਚਨ) ਵਾਲਾ ਵੀ ਉਹ ਹੈ ਅਤੇ ਭੰਨਣ (ਨਾਸ-ਕਰਨ) ਵਾਲਾ ਵੀ ਉਹੋ ਹੈ।

ਉਪਰੋਕਤ ਤੱਥਾਂ ਅਨੁਸਾਰ 'ਦੇਹ ਸਿਵਾ ਬਰ ਮੋਹਿ ਇਹੈ। ਸ਼ੁਭ ਕਰਮਨ ਤੇ ਕਬਹੂ ਨ ਟਰੂੰ "ਦੇ ਅਰਥ ਹੋਣਗੇ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪਾਰਬ੍ਰਹਮ ਪਰਮੇਸਰ ਅਗੇ ਅਰਦਾਸ ਕੀਤੀ ਕਿ ਉਹ ਕ੍ਰਿਪਾ ਕਰ ਕੇ ਉਨਾਂ ਨੂੰ ਵਰ ਦੇਣ ਕਿ ਉਹ ਸਦਾ ਸ਼ੁਭ ਕਰਮ ਕਰਨ ਤੋਂ ਪਿੱਛੇ ਨ ਹਟਣ। ਉਨਾਂ ਅਰਦਾਸ ਨਾਂ ਤਾਂ ਸ਼ਿਵ ਜੀ ਦੀ ਇਸਤਰੀ ਅਗੇ ਕੀਤੀ ਅਤੇ ਨ ਕਰ ਸਕਦੇ ਸੀ। ਐਸਾ ਕਹਿਣਾ ਉਨ੍ਹਾਂ ਦੀ ਸ਼ਾਨ ਦੇ ਉਲਟ ਹੈ। ਸੋ ਡਾ : ਹਰੀ ਰਾਮ ਗੁਪਤਾ ਨੇ ਆਪਣੀ ਕਿਤਾਬ "ਹਿਸਟਰੀ ਆਫ ਸਿਖ ਗੁਰੂਜ਼" ਦੇ ਪੰਨਿਆਂ 176-178 ਤੇ ਬਿਲਕੁਲ ਗਲਤ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਆਪਣੇ ਮਿਸ਼ਨ ਦੀ ਪੂਰਤੀ ਲਈ ਅਰਦਾਸ ਸ਼ਿਵ ਜੀ ਦੀ ਧਰਮ ਪਤਨੀ ਕੋਲ ਕੀਤੀ।